Punjabi | ਪੰਜਾਬੀ

# ਰੈੱਡ ਨੋਜ਼ ਸੋਗ ਅਤੇ ਨੁਕਸਾਨ ਸਹਾਇਤਾ ਸੇਵਾਵਾਂ

red nose grief and loss

## ਅਸੀਂ ਤੁਹਾਡੇ ਨੁਕਸਾਨ ਲਈ ਬਹੁਤ ਅਫ਼ਸੋਸਜ਼ਦਾ ਹਾਂ ਅਤੇ ਤੁਹਾਡੀ ਮੱਦਦ ਕਰਨਾ ਚਾਹੁੰਦੇ ਹਾਂ।

ਰੈੱਡ ਨੋਜ਼ **ਗਰਭਪਾਤ ਹੋਣ ਕਾਰਨ, ਮ੍ਰਿਤ ਬੱਚੇ ਦੇ ਜਨਮ, ਬਾਲਕ ਜਾਂ ਬੱਚੇ ਦੀ ਮੌਤ ਕਾਰਨ ਪ੍ਰਭਾਵਿਤ ਹੋਏ ਕਿਸੇ ਵੀ ਵਿਅਕਤੀ ਨੂੰ ਮੁਫ਼ਤ ਸਹਾਇਤਾ ਪ੍ਰਦਾਨ ਕਰਦਾ ਹੈ। ਅਸੀਂ ਤੁਹਾਡੀ ਓਹੀ ਜਾਂ ਉਸੇ ਤਰ੍ਹਾਂ ਦਾ ਅਨੁਭਵ ਕਰਨ ਵਾਲੇ ਦੂਜੇ ਲੋਕਾਂ ਨਾਲ ਜੁੜਨ ਵਿੱਚ ਮੱਦਦ ਕਰਦੇ ਹਾਂ।**

**ਰੈੱਡ ਨੋਜ਼ ਮੁਫ਼ਤ, ਅਤੇ ਗੁਪਤ ਸੇਵਾਵਾਂ ਹਨ। ਤੁਹਾਨੂੰ ਮੈਡੀਕੇਅਰ ਕਾਰਡ ਦੀ ਲੋੜ ਨਹੀਂ ਹੈ ਅਤੇ ਅਸੀਂ ਵੀਜ਼ਾ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਸਹਾਇਤਾ ਪ੍ਰਦਾਨ ਕਰਦੇ ਹਾਂ।**

ਰੈੱਡ ਨੋਜ਼ ਤੁਹਾਡੀ ਲੋੜ ਨੂੰ ਧਿਆਨ ਵਿੱਚ ਰੱਖ ਕੇ ਸਹਾਇਤਾ ਨੂੰ ਤਿਆਰ ਕਰਦਾ ਹੈ। ਅਸੀਂ ਤੁਹਾਨੂੰ ਕਈ ਤਰ੍ਹਾਂ ਦੀਆਂ ਪੇਸ਼ੇਵਰ ਸਹਾਇਤਾ ਸੇਵਾਵਾਂ ਅਤੇ ਆਪ-ਬੀਤੇ ਅਨੁਭਵ ਵਾਲੇ ਲੋਕਾਂ ਵੱਲੋਂ ਸਹਾਇਤਾ ਉਪਲਬਧ ਕਰਵਾਉਂਦੇ ਹਾਂ।

## ਤੁਹਾਡੀ ਦੇਖਭਾਲ ਟੀਮ ਨੇ ਤੁਹਾਨੂੰ ਰੈੱਡ ਨੋਜ਼ ਕੋਲ ਰੈਫਰ ਕੀਤਾ ਹੈ: ______________________

(ਰੈਫ਼ਰਲ ਦੀ ਮਿਤੀ)

ਰੈੱਡ ਨੋਜ਼ ਦੀ ਟੀਮ ਦਾ ਕੋਈ ਮੈਂਬਰ ਤੁਹਾਨੂੰ ਫ਼ੋਨ ਕਰੇਗਾ। ਇਹ ਆਮ ਤੌਰ 'ਤੇ 24 ਘੰਟਿਆਂ ਦੇ ਅੰਦਰ-ਅੰਦਰ ਹੁੰਦਾ ਹੈ। ਜੇਕਰ ਤੁਹਾਨੂੰ ਕਿਸੇ ਦਾ ਫ਼ੋਨ ਨਹੀਂ ਆਉਂਦਾ, ਤਾਂ ਤੁਸੀਂ ਸਾਨੂੰ ਫ਼ੋਨ ਕਰ ਸਕਦੇ ਹੋ। ਸਾਡਾ ਫ਼ੋਨ ਨੰਬਰ **1300 308 307** ਹੈ।

ਜੇਕਰ ਤੁਹਾਨੂੰ ਤੁਰੰਤ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ ਸਾਡੀ **ਮੁਫ਼ਤ 24/7 ਉਪਲਬਧ ਸੋਗ ਅਤੇ ਨੁਕਸਾਨ ਸਹਾਇਤਾ ਲਾਈਨ ਕੋਲ 1300 308 307** 'ਤੇ ਪਹੁੰਚ ਕਰ ਸਕਦੇ ਹੋ, **pearsupport@rednose.org.au** 'ਤੇ ਈ-ਮੇਲ ਕਰ ਸਕਦੇ ਹੋ ਜਾਂ **www.rednosegriefandloss.org.au** 'ਤੇ ਜਾ ਸਕਦੇ ਹੋ।

**ਤੁਸੀਂ ਦੋਭਾਸ਼ੀ ਸਾਥੀ ਸਹਾਇਕ ਨਾਲ ਗੱਲ ਕਰਨ ਦੀ ਬੇਨਤੀ ਕਰ ਸਕਦੇ ਹੋ।**

**ਜਾਂ**

ਜੇਕਰ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ ਤਾਂ **TIS 131 450 'ਤੇ ਫ਼ੋਨ ਕਰੋ** ਅਤੇ ਉਨ੍ਹਾਂ ਨੂੰ ਸਾਡੀ ਸਹਾਇਤਾ ਲਾਈਨ 'ਤੇ ਫ਼ੋਨ ਕਰਨ ਲਈ ਕਹੋ।

ਦੁਭਾਸ਼ੀਆ